ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030415
Available online at: www.armaan.org.in
DOI: https://doi.org/10.64119/armaan.vol.3.issue4.15

# ਹਰਜੀਤ ਅਟਵਾਲ ਦੇ ਨਾਵਲਾਂ ਦਾ ਵਸਤੂ ਯਥਾਰਥ

# Harjeet Atwal De Novlan Da Vastu Ytharth

**ਅਕਵਿੰਦਰ ਕੌਰ (Akwinder kaur)**
**ਸਹਾਇਕ ਪ੍ਰੋਫ਼ੈਸਰ, ਪੰਜਾਬੀ (Asst. Professor, Punjabi)**
**ਪ੍ਰੇਮ ਚੰਦ ਮਾਰਕੰਡਾ ਐਸ.ਡੀ ਕਾਲਜ ਫ਼ਾਰ ਵੂਮੈਨ, ਜਲੰਧਰ (ਪੰਜਾਬ)**
**Email ID:** akwinderk657@gmail.com **ਮੋਬਾਈਲ:** +91-9877245989

**ਸਾਰ (Abstract)**

ਹਰਜੀਤ ਅਟਵਾਲ ਦੇ ਨਾਵਲਾਂ ਵਿਚ ਔਰਤ ਮਰਦ ਸੰਬੰਧਾਂ ਵਿੱਚ ਬਹੁ-ਪਾਸਾਰੀ ਟੁੱਟ-ਭੱਜ ਦੇ ਸਰੋਕਾਰ ਉਭਰ ਕੇ ਸਾਹਮਣੇ ਆਉਂਦੇ ਹਨ। ਔਰਤ ਮਰਦ ਇਕ ਦੂਜੇ ਦੇ ਪੂਰਕ ਹਨ ਅਤੇ ਇਕ ਦੂਜੇ ਦੇ ਮੇਲ ਨਾਲ ਹੀ ਸਾਡੀਆਂ ਪੀੜ੍ਹੀਆਂ ਦਾ ਨਿਰੰਤਰ ਵਿਕਾਸ ਹੁੰਦਾ ਹੈ। ਨਾਵਲਕਾਰ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ ਅਤੇ ਵਿਰੋਧਾਂ ਦੇ ਬੁਨਿਆਦੀ ਅਕਾਰਾਂ ਨੂੰ ਤਲਾਸ਼ਦਾ ਹੋਇਆ, ਉਹਨ੍ਹਾਂ ਨੂੰ ਦੂਹਰੇ ਸਭਿਆਚਾਰਕ ਚੋਖਟਿਆਂ ਵਿਚ ਪੇਸ਼ ਕਰਦਾ ਹੈ। ਉਸ ਦੇ ਵਧੇਰੇ ਨਾਵਲਾਂ ਦੇ ਕਥਾਨਕ ਸਭਿਆਚਾਰਕ ਸੰਵਾਦ ਦੀ ਪ੍ਰਕਿਰਿਆ ਰਾਹੀਂ ਪੂਰਬੀ ਤੇ ਪੱਛਮੀ ਸਮਾਜ ਦੇ ਭਿੜਦੇ ਜੀਵਨ ਨੂੰ ਸਭਿਆਚਾਰੀਕਰਨ ਦੀ ਪ੍ਰਕਿਰਿਆ ਰਾਹੀਂ ਪੇਸ਼ ਕਰਦੇ ਹਨ। ਉਸਦੇ ਨਾਵਲਾਂ ਵਿਚ ਜਿਥੇ ਅੰਤਰ-ਨਸਲੀ ਵਿਆਹ ਅਤੇ ਪਰਿਵਰਤਨ ਸੰਬੰਧ, ਨਵੀਂ ਪੀੜੀ ਨਵੇਂ ਪ੍ਰਭਾਵਾਂ ਅਧੀਨ ਸਿਰਜ ਰਹੀ ਹੈ ਉਥੇ ਪੁਰਾਣੀ ਪੀੜ੍ਹੀ ਵੀ ਇਸ ਤੋਂ ਅਭਿੱਜ ਨਹੀਂ ਹੈ। ਅਟਵਾਲ ਦੇ ਨਾਵਲਾਂ ਵਿਚ ਪਰਵਾਸੀ ਔਰਤ ਮਰਦ ਦੀਆਂ ਤਿੰਨ ਪੀੜ੍ਹੀਆਂ ਨੇ ਆਪਣੀ-ਆਪਣੀ ਪੱਧਰ'ਤੇ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਕੀਤਾ ਹੈ। ਨਵੀਂ ਪੀੜ੍ਹੀ ਆਪਣੀ ਹੋਂਦ ਦੇ ਅਰਥ ਤਲਾਸ਼ਦੀ ਹੋਈ ਆਪਣੇ ਆਪ ਨੂੰ ਸਮਝਣ ਵਿਚ ਲਗੀ ਹੋਈ ਹੈ। ਉਸ ਦੇ ਨਾਵਲਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਵਿਚ ਅਨੇਕਾਂ ਪਰਿਵਰਤਨ ਆ ਰਹੇ ਹਨ।

***ਕੀਵਰਡ (Keyword):** ਹਰਜੀਤ ਅਟਵਾਲ, ਪਰਵਾਸੀ, ਬਰਤਾਨਵੀ ਧਰਤੀ, ਤਿੜਕਦੇ ਰਿਸ਼ਤੇ, ਪੱਛਮੀ ਪ੍ਰਭਾਵ, ਸਭਿਆਚਾਰੀਕਰਣ।*

ਹਰਜੀਤ ਅਟਵਾਲ ਦੇ ਨਾਵਲਾਂ ਵਿਚ ਜੀਵਨ ਦੀਆਂ ਤੰਗੀਆਂ ਤੁਰਸ਼ੀਆਂ, ਪਤੀ-ਪਤਨੀ ਦੇ ਤਿੜਕਦੇ ਰਿਸ਼ਤੇ, ਸਵੈ-ਸਥਾਪਤੀ ਦਾ ਸੰਘਰਸ਼, ਮਾਨਸਿਕ ਤਨਾਓ, ਆਰਥਿਕ ਝੋਰੇ, ਦੂਜੀ ਤੇ ਤੀਜੀ ਪੀੜ੍ਹੀ ਦਾ ਭਵਿੱਖ, ਉਹਨਾਂ ਦਾ ਮਾਪਿਆਂ ਪ੍ਰਤੀ ਵਤੀਰਾ, ਪੱਛਮੀ ਪ੍ਰਭਾਵ ਅਧੀਨ ਗਰਜ਼ ਭਰਪੂਰ ਸਵਾਰਥੀਪਨ, ਸਭਿਆਚਾਰਕ ਟਕਰਾਓ, ਪਰਵਾਸ ਵਿਚ ਗੈਰ-ਕਾਨੂੰਨੀ ਢੰਗ ਨਾਲ ਰਹਿਣ ਦੀਆਂ ਸਮੱਸਿਆਵਾਂ, ਪਰਿਵਾਰਕ ਟੁੱਟ-ਭੱਜ ਆਦਿ ਗੰਭੀਰ ਵਿਸ਼ਿਆਂ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਕਥਾਨਕ ਵਜੋਂ ਉਸਾਰਿਆ ਗਿਆ ਹੈ। ਉੱਤਰ-ਆਧੁਨਿਕਤਾ ਦੇ ਦੌਰ ਵਿਚ ਵਿਸ਼ਵੀ ਪੱਧਰ ਉੱਤੇ ਨਵੇਂ ਆਰਥਿਕ, ਵਿਉਪਾਰਕ, ਰਾਜਸੀ, ਸਮਾਜਕ ਅਤੇ ਸਭਿਆਚਾਰਕ ਜੀਵਨ-ਜਾਚ ਦੇ ਵਿਭਿੰਨ ਸੰਦਰਭਾਂ ਵਿਚ ਅਹਿਮ ਤਬਦੀਲੀਆਂ ਵਾਪਰੀਆਂ ਹਨ। ਹਰਜੀਤ ਅਟਵਾਲ ਦੇ ਪਹਿਲੇ ਨਾਵਲ 'ਵਨ ਵੇਅ' ਅਜਿਹੀਆਂ ਤਬਦੀਲੀਆਂ ਤਹਿਤ ਪਰਵਾਸੀ ਪੰਜਾਬੀ ਪਾਤਰ ਸੁਰਜਨ ਤੇ ਉਸ ਦੇ ਪਰਿਵਾਰ ਦੀ ਸੰਘਰਸ਼ਮਈ ਗਾਥਾ ਦੇ ਹਵਾਲੇ ਰਾਹੀਂ ਪਰਵਾਸੀ ਜੀਵਨ ਦੇ ਚਾਲ੍ਹੀ ਸਾਲਾਂ ਦੇ ਇਤਿਹਾਸ ਦਾ ਸਮਾਜਕ ਅਤੇ ਦਸਤਾਵੇਜ਼ੀ ਵਰਨ ਉਸਾਰਦਾ ਹੈ। ਇਸ ਨਾਵਲ ਵਿਚਲੀਆਂ ਵਧੇਰੇ ਘਟਨਾਵਾਂ ਬਰਤਾਨੀਆਂ ਦੀ ਰਾਜਧਾਨੀ ਲੰਡਨ ਵਿਚ ਹੀ ਵਾਪਰਦੀਆਂ ਹਨ ਪਰ ਇਹਦਾ ਘਟਨਾਵਾਂ ਦਾ ਸੰਬੰਧ ਭਾਰਤੀ ਪੰਜਾਬ ਨਾਲ ਵੀ ਜੁੜਿਆ ਹੋਇਆ ਹੈ ਇਹ ਸਮਾਜਕ ਦਸਤਾਵੇਜ਼ ਪੰਜਾਬੀ ਪ੍ਰਵਾਸੀਆਂ ਦੇ ਜੀਵਨ ਦੀ ਬਰਤਾਨਵੀ ਧਰਤੀ ਉੱਤੇ ਮੁੜ ਵਸੇਬੇ ਦੀ ਗਾਥਾ ਨੂੰ ਬਿਆਨ ਕਰਦਾ ਹੈ। ਮਨੁੱਖੀ ਜੀਵਨ ਦੀ ਪਰਿਵਰਤਨਸ਼ੀਲਤਾ ਦੇ ਯਥਾਰਥ ਨੂੰ ਨਾਵਲਕਾਰ ਦੋ ਵਿਧੀਆਂ ਰਾਹੀਂ ਪੇਸ਼ ਕਰਦਾ ਹੈ। ਇੱਕ ਵਿਧੀ ਤਾਂ ਇਸ ਨਾਵਲ ਦੇ ਮੁੱਖ ਪਾਤਰ ਸੁਰਜਨ ਦੇ ਜੀਵਨ ਰਾਹੀਂ ਪੇਸ਼ ਹੋਈ ਹੈ ਜੋ 'ਵਨ ਵੇਅ' ਦੇ ਪ੍ਰਤੀਕ ਰਾਹੀਂ ਨੱਕ ਦੀ ਸੇਧੇ ਤੇਜ਼ ਰਫ਼ਤਾਰ ਨਾਲ ਜੀਵਨ ਗਤੀ ਨੂੰ ਅਗਾਂਹ ਤੋਰਦੀ ਹੈ ਤੇ ਦੂਜੀ ਵਿਧੀ ਹੋਰ ਅਜਿਹੇ ਪਾਤਰਾਂ ਰਾਹੀ ਪੇਸ਼ ਹੋਈ ਹੈ ਜੋ ਪਿਛਲ ਝਾਤ ਰੱਖਦੇ ਹਨ ਪਰ ਅੱਗੇ ਵਧਣਾ ਉਹਨਾਂ ਦੀ ਮਜ਼ਬੂਰੀ ਹੁੰਦੀ ਹੈ। ਨਾਵਲ ਵਿਚਲੇ ਪ੍ਰਮੁੱਖ ਪਾਤਰ ਸੁਰਜਨ ਦੀਆਂ ਪੰਜ ਧੀਆਂ ਪੂਰਬੀ ਪੱਛਮੀ ਧਰਾਤਲਾਂ ਵਿਚੋਂ ਵਿਭਿੰਨ ਪ੍ਰਕਾਰ ਦਾ ਜੀਵਨ ਹੰਢਾਉਣ ਵਾਲੀਆਂ ਵੱਖ-ਵੱਖ ਉਮਰਾਂ ਦੀਆਂ ਪੰਜ ਕੁੜੀਆਂ ਹੀ ਨਹੀਂ ਸਗੋਂ ਪੂਰਬੀ ਤੇ ਪੱਛਮੀ ਜੀਵਨ -ਜਾਚ ਦੇ ਵਿਭਿੰਨ ਧਰਾਤਲਾਂ ਨੂੰ ਤਨਾਓ, ਟਕਰਾਓ ਅਤੇ ਸੰਘਰਸ਼ ਵਿਚ ਪਾਉਂਦੀਆਂ ਸਖਸ਼ੀਅਤ ਹਨ।

ਇਸ ਨਾਵਲ ਵਿਚ ਪਰਵਾਸੀਆਂ ਦੇ ਜੀਵਨ ਦ੍ਰਿਸ਼ਟੀਕੋਣ, ਹਾਲਾਤਾਂ, ਖਾਹਿਸ਼ਾਂ, ਇੱਛਾਵਾਂ ਅਤੇ ਸਭਿਆਚਾਰੀਕਰਣ ਰਾਹੀਂ ਪੈਦਾ ਹੋਣ ਵਾਲੇ ਅੰਤਰ -ਭੇੜਾਂ ਦੇ ਨੰਗੇ ਸੱਚ ਨੂੰ ਵੀ ਉਜਾਗਰ ਕੀਤਾ ਗਿਆ ਹੈ। 'ਵਨ ਵੇਅ' ਨਾਵਲ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਮਨੁੱਖ ਦੀਆਂ ਅਪ੍ਰਾਪਤੀਆਂ, ਹਾਰਾਂ ਅਤੇ ਸੀਮਾਵਾਂ ਦੇ ਹਲ ਅਤੀਤ ਦੀ ਥਾਂ ਭਵਿੱਖ ਮੁੱਖੀ ਦਿਸ਼ਾਵਾਂ ਵਿਚ ਹਨ। ਹਰਜੀਤ ਅਟਵਾਲ ਦਾ ਦੂਸਰਾ ਨਾਵਲ 'ਰੇਤ' ਗਲਪ-ਵਿਧੀ ਅਤੇ ਵਿਸ਼ੇ-ਸੰਗਠਨ ਦੀ ਦ੍ਰਿਸ਼ਟੀ ਤੋਂ 'ਵਨ ਵੇਅ' ਨਾਵਲ ਦੀਆਂ ਸਿਰਜਨਾਤਮਕ ਸੰਭਾਵਨਾਵਾਂ ਨੂੰ ਹੋਰ ਉਜਾਗਰ ਕਰਦਾ ਹੈ। ਇਹ ਪਰਵਾਸੀ ਪੰਜਾਬੀ ਭਾਈਚਾਰੇ ਦੇ ਹੋਂਦ-ਮੁੱਖੀ ਸਰੋਕਾਰਾਂ ਅਤੇ ਖਪਤ-ਸਭਿਆਚਾਰ ਤੋਂ ਪ੍ਰਭਾਵਿਤ ਹੋ ਰਹੇ ਮਾਨਵੀ ਰਿਸ਼ਤਿਆਂ ਦੇ ਸੱਚ ਨੂੰ ਵੀ ਫ਼ਰੋਲਦਾ ਹੈ ਅਤੇ ਬਰਤਾਨਵੀ ਸਮਾਜ -ਸਭਿਆਚਾਰ ਦੀ ਵਰਤਮਾਨ ਹਕੀਕਤ ਦਾ ਹੋਰ ਵਧੇਰੇ ਬਾਰੀਕੀ ਨਾਲ ਵਿਸ਼ਲੇਸ਼ਣ ਵੀ ਕਰਦਾ ਹੈ। 'ਰੇਤ' ਕੁਦਰਤੀ ਵਸੇਬੇ ਨਾਲ ਸੰਬੰਧਿਤ ਸ਼ਬਦ ਹੈ ਪਰ ਨਾਵਲ ਵਿਚ ਰੇਤ ਤਾਂ ਇਸਦੀ ਡੂੰਘੀ ਸੰਰਚਨਾ ਵਿਚ ਸਮਾਇਆ ਹੋਇਆ

ਸ਼ਕਤੀਸ਼ਾਲੀ ਪ੍ਰਤੀਕ ਹੈ। ਨਾਵਲ ਵਿਚ ਗੱਲ ਭਾਵੇਂ ਇਸਦੇ ਮੁੱਖ ਪਾਤਰਾਂ ਦੇ ਪਰਸਪਰ ਰਿਸ਼ਤਿਆਂ ਦੀ ਹੋਵੇ ਭਾਵੇਂ ਉਨ੍ਹਾਂ ਦੇ ਵਸੇਬੇ ਦੀ, ਹਰ ਸਥਿਤਿ ਰੇਤ ਵਾਂਗ ਕਿਰਦੀ ਜਾਪਦੀ ਹੈ। ਇਸ ਨਾਵਲ ਵਿਚਲੇ ਪਾਤਰ ਮੋਹ ਮੁਹੱਬਤ ਦੇ ਰਿਸ਼ਤਿਆਂ ਨੂੰ ਹਰ ਹੀਲੇ ਪੱਕੀ ਪੀਡੀ ਤਰ੍ਹਾਂ ਮੁੱਠੀ ਵਿਚ ਘੁੱਟੀ ਰੱਖਣਾ ਚਾਹੁੰਦੇ ਹਨ ਪਰ ਇਹ ਰਿਸ਼ਤੇ ਪਲਾਂ ਛਿਨਾਂ ਵਿਚ ਰੇਤ ਵਾਂਗ ਕਿਰ ਰਹੇ ਹਨ ਅਤੇ ਉਹਨਾਂ ਦੀ ਜ਼ਿੰਦਗੀ ਵਿੱਚ ਵੀ ਮਾਰੂਥਲ ਦੀ ਵੈਰਾਨੀ ਫ਼ੈਲ ਰਹੀ ਹੈ। ਅਸਲ ਵਿਚ ਨਾਵਲ ਦੇ ਮੁੱਖ ਪਾਤਰ ਰਵੀ ਤੇ ਕੰਵਲ ਦੇ ਰਿਸ਼ਤਿਆਂ ਵਿਚ ਉਭਰ ਰਹੀਆਂ ਤ੍ਰੇੜਾਂ ਘਰ ਦੇ ਵਿਗੜਨ ਦੀਆਂ ਲਖਾਇਕ ਹਨ। ਰੇਤ ਦਾ ਇਹ ਮੈਟਾਫ਼ਰ ਨਾਵਲ ਦੇ ਸਮੁੱਚੇ ਬਿਰਤਾਂਤ ਵਿਚ ਫ਼ੈਲਿਆ ਹੋਇਆ ਹੈ। ਨਾਵਲ ਵਿਚ ਸਿਰਜਤ ਪਾਤਰਾਂ ਰਾਹੀਂ ਪੂਰਬੀ-ਪੱਛਮੀ ਮੁੱਲ -ਵਿਧਾਨ ਦਾ ਤਨਾਓ ਅਤੇ ਟਕਰਾਓ ਨਾਵਲ ਦੀ ਪ੍ਰਮੁੱਖ ਸਮੱਸਿਆ ਹੈ। ਨਾਵਲਕਾਰ ਪੰਜਾਬੀ ਲੋਕਾਂ ਦੀਆਂ ਜਿਹੜੀਆਂ ਸਥਿਤੀਆਂ, ਮਸਲਿਆਂ ਨੂੰ ਬੇਗਾਨੀ ਧਰਤੀ ਉੱਤੇ ਕੇਂਦਰਿਤ ਕਰਕੇ ਉਭਾਰਦਾ ਹੈ, ਉਹ ਸਥਿਤੀਆਂ ਕੇਵਲ ਵਿਕਸਤ ਮੁਲਕਾਂ ਦੇ ਨਵ-ਪੂੰਜੀਵਾਦੀ ਸਿਸਟਮ ਵਿਚ ਹੀ ਨਹੀਂ ਬਲਕਿ ਸਮਾਜਵਾਦੀ ਸੰਸਾਰ ਦੇ ਪਛੜੇ ਮੁਲਕਾਂ ਦਾ ਵੀ ਸੱਚ ਹੈ। ਉੱਤਰ - ਪੂੰਜੀਵਾਦੀ ਯੁੱਗ ਦੇ ਪ੍ਰਤੀਕ ਲੰਡਨ ਸ਼ਹਿਰ ਜਾਂ ਲੰਡਨ ਸ਼ਹਿਰ ਨਾਲ ਜੁੜਦੇ ਛੋਟੇ-ਛੋਟੇ ਸ਼ਹਿਰਾਂ ਦੀ ਆਬੋ ਹਵਾ ਵਿਚ ਸਾਹ ਲੈਂਦੇ ਹਰਜੀਤ ਅਟਵਾਲ ਦੇ ਗਲਪੀ ਪਾਤਰ ਭਰਪੂਰ ਤਰਕਾਂ-ਵਿਤਕਰਾਂ ਅਤੇ ਜੀਵਨ ਸੰਭਾਵਨਾਵਾਂ -ਅਸੰਭਵਨਾਵਾਂ ਸਹਿਤ ਪ੍ਰਗਟ ਹੁੰਦੇ ਹਨ। ਇਹ ਨਾਵਲ ਰਵੀ ਤੇ ਕੰਵਲ ਦੇ ਪਾਤਰਾਂ ਦੀ ਮਨੋਬਚਨੀ ਰਾਹੀਂ ਉਸਰਦਾ ਹੈ।

ਕੰਵਲ ਆਪਣੇ ਪਤੀ ਵਲੋਂ ਕੀਤੀ ਹਿੰਸਾ ਨੂੰ ਸਹਿਣ ਨਹੀਂ ਕਰਦੀ ਅਤੇ ਇਹ ਉਹਨਾਂ ਦੇ ਤਲਾਕ ਦਾ ਕਾਰਨ ਵੀ ਬਣ ਜਾਂਦਾ ਹੈ। ਰਿਸ਼ਤਿਆਂ ਦੀ ਸ਼ਤਰੰਜ ਵਿਚ ਹਰ ਕੋਈ ਵਰਤਣ ਦਾ ਮੁਹਰਾ ਬਣ ਗਿਆ ਹੈ। 'ਵਰਤਣ ਅਤੇ ਸੁੱਟ ਦੇਣ' ਦੀ ਸੋਚ ਨੇ ਮਾਨਵੀ ਅਕਾਸ਼ ਨੂੰ ਮੱਲ ਲਿਆ ਹੈ ਅਤੇ ਮਾਰਕੀਟ ਦਾ ਮਰਜ਼ੂਬ, ਘਰ ਦੇ ਬੈਡਰੂਮ ਤੱਕ ਪਹੁੰਚ ਗਿਆ ਹੈ ਕਿਉਂਕਿ ਮਾਰਕੀਟ ਹਮੇਸ਼ਾ ਨਫ਼ੇ ਨੁਕਸਾਨ ਦੇ ਸਿੱਧੇ ਫ਼ਾਰਮੂਲੇ 'ਤੇ ਟਿਕੀ ਹੁੰਦੀ ਹੈ। 'ਸਵਾਰੀ' ਨਾਵਲ ਵਿਚ ਨਾਵਲਕਾਰ ਨੇ ਪੰਜਾਬੀ ਮਨੁੱਖ ਦੇ ਮੂਲ ਵਸੇਬੇ ਨੂੰ ਛੱਡ ਕੇ ਪਰਾਈ ਧਰਤੀ ਉੱਤੇ ਵਸੇਬੇ ਵਿਚ ਆਪਣੀ ਥਾਂ ਬਣਾਉਣ ਦੇ ਸੰਘਰਸ਼ ਅਤੇ ਹੋਣੀ ਦੇ ਦੁਖਾਂਤਮਈ ਬਿਰਤਾਂਤਕ ਸੰਦਰਭਾਂ ਨੂੰ ਰੂਪਮਾਨ ਕੀਤਾ ਹੈ।ਇਹ ਨਾਵਲ ਪੀੜ੍ਹੀ-ਦਰ-ਪੀੜ੍ਹੀ ਮਨੁੱਖ ਦੇ ਸਵਾਰੀ ਬਣਨ ਅਤੇ ਬਣਾਉਣ ਦੀ ਪ੍ਰਕਿਰਿਆ ਰਾਹੀਂ ਪੰਜਾਬੀਆਂ ਦੀ ਅਜਿਹੀ ਤਸ਼ੱਦਦ ਭਰਪੂਰ ਮਾਨਸਿਕਤਾ ਨੂੰ ਪੇਸ਼ ਕਰਦਾ ਹੈ ਜਿਸ ਰਾਹੀਂ ਉਹ ਆਪਣਿਆਂ ਦੀਆਂ ਮਜਬੂਰੀਆਂ ਤੇ ਕਮਜ਼ੋਰੀਆਂ ਦਾ ਫ਼ਾਇਦਾ ਉੱਠਾ ਕੇ ਉਹਨਾਂ ਨੂੰ ਆਖਰੀ ਸਾਹ ਤੱਕ ਆਪਣੀਆਂ ਹਿਰਸਾਂ ਦੀ ਪੂਰਤੀ ਲਈ ਵਰਤਦਾ ਹੈ। ਇਸ ਨਾਵਲ ਵਿਚ ਵਿਕਸਤ ਪੂੰਜੀਵਾਦੀ ਸਿਸਟਮ ਦੀਆਂ ਅਨੇਕਾਂ ਪਰਤਾਂ ਨੂੰ ਫਰੋਲਿਆ ਗਿਆ ਹੈ। ਨਾਵਲ ਵਿੱਚੋਂ ਪਰਵਾਸੀ ਵਿਅਕਤੀ ਦੀ ਜ਼ਿੰਦਗੀ ਦੀ ਭੱਜ-ਨੱਠ, ਪਰਿਵਾਰਕ ਰਹਿਤਲ ਅਤੇ ਰਿਸ਼ਤਿਆਂ ਦੀ ਬਦਲਦੀ ਸਥਿਤੀ, ਰੋਜ਼ਾਨਾ ਜ਼ਿੰਦਗੀ ਦੇ ਤਨਾਓ, ਇਕੱਲਤਾ ਦੇ ਦਰਦ, ਭਾਈਚਾਰਕ ਸੰਬੰਧਾਂ ਦੀ ਡਾਵਾਂਡੋਲ ਮਾਨਸਿਕਤਾ ਆਦਿ ਪੱਖਾਂ ਦੀ ਨਿਸ਼ਾਨਦੇਹੀ ਹੁੰਦੀ ਹੈ। ਨਾਵਲ ਦਾ ਸਮੁੱਚਾ ਕਥਾ-ਸੂਤਰ ਬਲਦੇਵ ਅਤੇ ਸ਼ੋਨ ਨਾਂ ਦੇ ਦੋ ਪਾਤਰਾਂ ਦੇ ਸਮਾਂਤਰ ਪਰਿਵਾਰਕ ਬਿਰਤਾਂਤ ਰਾਹੀਂ ਅੱਗੇ ਵਧਦਾ ਹੈ।ਬਲਦੇਵ ਪੰਜਾਬ ਅਤੇ ਸ਼ੌਨ ਆਇਰਲੈਂਡ ਵਿਚੋਂ ਪਰਵਾਸ ਕਰਕੇ ਪੱਛਮੀ ਬਹੁ- ਸਭਿਆਚਾਰਕ ਸਮਾਜਕ ਵਿਚ ਰਹਿ ਰਹੇ ਹਨ। ਘੱਟ ਵਿਕਸਤ ਦੇਸ਼ਾਂ ਨਾਲ ਜੁੜੇ ਇਹ ਦੋਵੇਂ ਪਾਤਰਾਂ ਦਾ ਅਵਚੇਤਨ ਉਨ੍ਹਾਂ ਨੂੰ ਨਾ ਤਾਂ ਪੂਰੀ ਤਰ੍ਹਾਂ ਦੇਸੀ ਵਿਰਾਸਤ ਨਾਲੋਂ ਟੁੱਟਣ ਦਿੰਦਾ ਹੈ ਅਤੇ ਨਾ ਹੀ ਇਕਸੁਰ ਹੋ ਕੇ ਬਹੁ-ਸਭਿਆਚਾਰਕ ਮਾਹੌਲ ਨਾਲ ਜੁੜਨ ਦਿੰਦਾ ਹੈ। ਆਰਥਿਕ ਪੂਰਤੀ ਦੇ ਬਾਵਜੂਦ ਹੋਰ ਅਨੇਕਾਂ ਪ੍ਰਕਾਰ ਦੀਆਂ ਤ੍ਰਾਸਦਿਕ ਗੁੰਝਲਾਂ ਵਿਚ ਘਿਰੇ ਮਨੁੱਖ ਦੇ ਜਨ-ਜੀਵਨ ਦਾ ਨਕਸ਼ਾ ਵੀ ਇਸ ਨਾਵਲ ਵਿਚੋਂ ਉਜਾਗਰ ਹੁੰਦਾ ਹੈ। ਪੂੰਜੀਵਾਦੀ ਵਿਵਸਥਾ ਨੇ ਜਿਥੇ ਸਮੁੱਚੇ ਅਰਥਚਾਰੇ ਵਿਚ ਪਰਿਵਰਤਨ ਲਿਆਂਦਾ ਹੈ ਉੱਥੇ ਪੈਦਾਵਾਰੀ ਸਾਧਨਾਂ ਦੇ ਪਰਿਵਰਤਨ ਕਾਰਨ ਸਮਾਜਕ ਸਭਿਆਚਾਰਕ ਅਤੇ ਧਾਰਮਿਕ ਕਦਰਾਂ-ਕੀਮਤਾਂ ਵਿਚ ਵੀ ਵਿਆਪਕ ਤਬਦੀਲੀ ਆਈ ਹੈ। ਇਸ ਨਾਵਲ ਵਿਚ ਕਦਰਾਂ-ਕੀਮਤਾਂ ਦੇ ਵਖਰੇਵੇਂ, ਸਮਾਜਕ ਯਥਾਰਥ ਦੀਆਂ ਤਬਦੀਲੀਆਂ ਅਤੇ ਖ਼ੁਸ਼ਹਾਲ ਜੀਵਨ ਦੀ ਲਾਲਸਾ ਤਹਿਤ ਤਨਾਓ ਪੈਦਾ ਹੁੰਦਾ ਹੈ। ਡਾ ਜਗਵੀਰ ਸਿੰਘ ਦਾ ਵਿਚਾਰ ਹੈ,

> *"ਵਿਅਕਤੀਵਾਦੀ ਕਦਰਾਂ-ਕੀਮਤਾਂ ਅਤੇ ਨਵੇਂ ਕਿਸਮ ਦੇ ਖਪਤ-ਸਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲਾ ਇਹ ਨਿਜ਼ਾਮ ਪਰੰਪਰਕ ਰਵਾਇਤਾਂ ਅਤੇ ਸੰਸਥਾਵਾਂ ਦਾ ਵਿਗੜਨ ਕਰਕੇ ਮਨੁੱਖੀ ਰਿਸ਼ਤਿਆਂ ਨੂੰ ਵੀ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਨ ਵਾਲਾ ਹੈ।"*[1]

'ਸਵਾਰੀ' ਨਾਵਲ ਦੇ ਪਾਤਰ ਦੋਹਰੇ ਕਿਰਦਾਰ ਵਾਲੇ ਹੋਣ ਕਰਕੇ ਮਕਸਦ ਪ੍ਰਸਤ ਸੁਭਾਅ ਦੇ ਮਾਲਕ ਹਨ। ਇਹ ਨਾਵਲ ਪੰਜਾਬੀ ਭਾਈਚਾਰੇ ਦੇ ਹੋਂਦ ਮੁਖੀ ਸਰੋਕਾਰਾਂ ਅਤੇ ਖਪਤ-ਸਭਿਆਚਾਰ ਤੋਂ ਪ੍ਰਭਾਵਿਤ ਹੋ ਰਹੇ ਮਾਨਵੀ ਰਿਸ਼ਤਿਆਂ ਦੇ ਬਹੁ-ਪਾਸਾਰੀ ਤੇ ਬਹੁ-ਪੱਧਰੀ ਦੁਖਾਂਤ ਦੇ ਸੱਚ ਨੂੰ ਵੀ ਉਲੀਕਦਾ ਹੈ।

ਹਰਜੀਤ ਅਟਵਾਲ ਨੇ ਆਪਣੇ ਚੌਥੇ ਨਾਵਲ 'ਸਾਊਥਹਾਲ' ਵਿਚ ਪਹਿਲੇ ਨਾਵਲਾਂ ਦੇ ਮੁਕਾਬਲੇ ਇਕ ਵੱਖਰੀ ਕਿਸਮ ਦੇ ਵਿਸ਼ੇ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਲੰਡਨ ਦੇ ਇਕ ਸ਼ਹਿਰ ਸਾਊਥਹਾਲ ਦੇ ਵਿਭਿੰਨ ਸਮਾਜਕ ਸੰਦਰਭਾਂ ਨੂੰ ਸਮੁੱਚੇ ਪ੍ਰਵਾਸੀ ਪੰਜਾਬੀ ਸਮਾਜ ਦੇ ਯਥਾਰਥ ਦੇ ਵਰਤਮਾਨ ਦੇ ਸੰਕਟ ਅਤੇ ਭਵਿੱਖ ਦੀਆਂ ਹੋਣੀਆਂ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਨਾਵਲ ਸਿਰਫ਼ ਸਾਊਥਹਾਲ ਦਾ ਹੀ ਵਰਣਨ ਨਹੀਂ ਕਰਦਾ ਸਗੋਂ ਵਿਸ਼ਾਲ ਘੇਰੇ ਅੰਦਰ ਫ਼ੈਲ ਕੇ ਸਮੁੱਚੇ ਪਰਵਾਸੀ ਯਥਾਰਥ ਪ੍ਰਤੀ ਚੇਤਨ ਵੀ ਕਰਦਾ ਹੈ।

'ਮੁੰਦਰੀ ਡੋਟ ਕੌਮ' ਹਰਜੀਤ ਅਟਵਾਲ ਦਾ ਪਰਵਾਸੀ ਜੀਵਨ ਅਨੁਭਵਾਂ ਨਾਲ ਪਰਨਾਇਆ ਇਕ ਹੋਰ ਅਜਿਹਾ ਨਾਵਲ ਹੈ ਜੋ ਅਕਾਰ ਪਖੋਂ ਉਸਦੇ ਪਹਿਲੇ ਨਾਵਲਾਂ ਦੇ ਮੁਕਾਬਲੇ ਭਾਵੇਂ ਛੋਟਾ ਹੈ ਪਰ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਨਾਵਲ ਦਾ ਸਮੁੱਚਾ ਬਿਰਤਾਂਤ 'ਇਕਰਾਂ' ਨਾਂ ਦੀ ਦਲਿਤ ਕੁੜੀ ਦੁਆਲੇ ਉਸਰਿਆ ਹੋਇਆ ਹੈ। 'ਇਕਰਾਂ' ਦਾ ਨਾਂ ਪ੍ਰਸਥਿਤੀਆਂ ਦੇ ਬਦਲਾਅ ਨਾਲ ਪਹਿਲਾਂ ਪੂਨਮ ਤੇ ਫ਼ਿਰ ਮੁੰਦਰੀ ਵਿਚ ਰੂਪਾਂਤਰਿਤ ਹੁੰਦਾ ਹੈ। ਨਾਵਲ ਵਿਚ ਇਕਰਾਂ ਦਾ ਨਾਂ ਹੀ ਨਹੀਂ ਬਦਲਿਆ ਗਿਆ ਬਲਕਿ ਉਸਦੀ ਹੋਂਦ ਤੇ ਹੋਣੀ ਵੀ ਕਈ ਕਰਵਟ ਬਦਲ ਲੈਂਦੀ ਹੈ। ਇਕਰਾ ਜਦ ਵੀ ਨਵੇਂ ਨਾਂ ਨਾਲ ਨਵੇਂ ਖਿੱਤੇ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਆਪਣੀ ਪੁਰਾਣੀ ਹੋਂਦ ਹਸਤੀ ਉੱਤੇ ਨਵੇਂ ਦਿਸਹੱਦਿਆਂ ਨੂੰ ਛੂਹਦੀ ਹੈ। ਨਾਵਲ ਦਾ ਪਾਤਰ ਟਿੱਕਾ ਮੁੰਦਰੀ ਨੂੰ ਵਲਾਇਤ ਲੈ ਜਾਣਾ ਚਾਹੁੰਦਾ ਹੈ। ਪਤਨੀ ਬਣਾਉਣ ਲਈ ਨਹੀਂ ਸਗੋਂ ਸਾਰੀ ਉਮਰ ਰਖੇਲ ਬਣਾ ਕੇ ਰੱਖਣ ਲਈ, ਇਕ ਵਸਤੂ ਵਜੋਂ ਭੋਗਣ ਲਈ, ਇਸੇ ਮਨਸ਼ੇ ਲਈ ਉਹ ਮੁੰਦਰੀ ਦਾ ਵਿਆਹ ਇਕ ਬਜ਼ੁਰਗ ਅਤੇ ਦਹਾਜੂ ਪਰਵਾਸੀ ਚਾਹਲ ਨਾਮੀ ਵਿਅਕਤੀ ਨਾਲ ਕਰਵਾ ਦਿੰਦਾ ਹੈ ਜੋ ਬਿਮਾਰੀਆਂ ਦਾ ਜਕੜਿਆ ਹੋਇਆ ਬੁੱਢਾ, ਸ਼ਰਾਬੀ -ਕਬਾਬੀ ਅਤੇ ਜ਼ਿੰਦਗੀ ਦੇ ਆਖਰੀ ਸਾਹਾਂ ਦੀ ਗਿਣਤੀ '

ਤੇ ਪਹੁੰਚ ਚੁੱਕਾ ਹੈ। ਮੁੰਦਰੀ ਇਸ ਬੁੱਢੇ ਨਾਲ ਵਿਆਹ ਕਰਵਾ ਕੇ ਇੰਗਲੈਂਡ ਜਾ ਕੇ ਉਸ ਨੂੰ ਛੱਡ ਦੇਵੇਗੀ।

*ਇਹ ਵੀ ਟਿੱਕੇ ਦਾ ਭਰਮ ਹੀ ਨਿਕਲਿਆ। ਇੰਗਲੈਂਡ ਪਹੁੰਚੀ ਮੁੰਦਰੀ ਟਿੱਕੇ ਤੋਂ ਵਿੱਥ ਪਾ ਕੇ ਪੂਰੀ ਤਨ ਦੇਹੀ ਨਾਲ ਚਾਹਲ ਨਾਲ ਆਪਣਾ ਪਤੀ ਧਰਮ ਨਿਭਾਉਂਦੀ ਹੈ ਕਿਉਂਕਿ ਮੁੰਦਰੀ ਤਾਂ ਪਿਆਰ ਤੇ ਵਫ਼ਾ ਦੀ ਪ੍ਰਤੀਕ ਹੈ। ਮੁੰਦਰੀ ਇਕ ਗਹਿਣਾ ਹੈ। ਹੱਥਾਂ ਵਿਚ ਪਾਏ ਜਾਣ ਵਾਲੇ ਗਹਿਣਿਆਂ ਵਿਚੋਂ ਮੁੰਦਰੀ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਮੁੰਦਰੀ ਕੇਵਲ ਸਰੀਰਕ ਸੁੰਦਰਤਾ ਦੇ ਵਾਧੇ ਤੱਕ ਹੀ ਮਹਿਦੂਦ ਨਹੀਂ ਬਲਕਿ ਇਹ ਕਿਸੇ ਲੋਕ ਸਮੂਹ ਦੀਆਂ ਸਮਾਜ ਸਭਿਆਚਾਰਕ, ਆਰਥਿਕ, ਮਾਨਸਿਕ ਤੇ ਧਾਰਮਿਕ ਭਾਵਨਾਵਾਂ ਦੀ ਵੀ ਤਰਜ਼ਮਾਨੀ ਕਰਦੀ ਹੈ।"*[12]

ਆਪਣੇ ਪਤੀ ਦੀ ਮੌਤ ਉਪਰੰਤ ਟੁੱਟ-ਭੱਜ ਕੇ ਮੁੰਦਰੀ ਫ਼ਿਰ ਆਪਣੇ ਘਾੜੇ ਕੋਲ ਜਾਂਦੀ ਹੈ ਤੇ ਟਿੱਕਾ ਉਸ ਨੂੰ ਫਿਰ ਨਵੇਂ ਸਿਰਿਓਂ ਘੜਦਾ, ਸੰਵਾਰਦਾ ਹੈ ਪਰ ਉਸ ਨਾਲ ਘਰ ਗ੍ਰਹਿਸਥੀ ਵਸਾਉਣ ਦਾ ਸੁਪਨਾ ਪੂਰਾ ਨਹੀਂ ਕਰਨਾ ਚਾਹੁੰਦਾ ਤਦ ਮੁੰਦਰੀ ਪੋਲ ਨਾਮੀ ਪਾਤਰ ਜੋ ਲੋੜ ਤੋਂ ਵੱਧ ਭਲਾਮਾਨਸ ਹੈ, ਨਾਲ ਕੁਝ ਸ਼ਰਤਾਂ ਅਧੀਨ ਵਿਆਹ ਕਰਵਾ ਲੈਂਦੀ ਹੈ ਜੋ ਟਿੱਕੇ ਲਈ ਬੜਾ ਕੌੜਾ ਸੱਚ ਹੈ। ਨਾਵਲਕਾਰ ਨੇ ਇਸ ਨਾਵਲ ਵਿੱਚ ਵਿਕਸਤ ਪੂੰਜੀਵਾਦੀ ਮੁਲਕਾਂ ਵਿੱਚ ਪਰਵਾਸੀਆਂ ਦੀਆਂ ਜਾਤੀ ਪ੍ਰਬੰਧ ਵਿਚੋਂ ਉਪਜੀਆਂ ਉਲਝਣਾਂ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਇਸਦਾ ਸੁਝਾਉ ਵੀ ਦਿੱਤਾ ਹੈ। ਮੁੰਦਰੀ ਸਦੀਆਂ ਦੇ ਜਾਤੀ ਪ੍ਰਬੰਧਾਂ ਨੂੰ ਤੋੜ ਦਿਆਂ ਅਖੀਰ ਆਰਥਿਕ ਤੌਰ ਤੇ ਸੰਪੰਨ ਹੋ ਕੇ ਆਪਣੇ ਅਧਿਕਾਰਾਂ ਨੂੰ ਵੀ ਪ੍ਰਾਪਤ ਕਰਦੀ ਹੈ। ਨਾਵਲ ਵਿਚਲੇ ਪਾਤਰ ਟਿੱਕੇ ਤੋਂ ਬਿਨ੍ਹਾਂ ਮੁੰਦਰੀ ਦੀ ਜ਼ਿੰਦਗੀ ਰੁਕਦੀ ਨਹੀਂ ਕਿਉਂਕਿ ਮਿਥਿਹਾਸਕ ਤੌਰ 'ਤੇ ਮੁੰਦਰੀ ਨੂੰ ਜ਼ਿੰਦਗੀ ਵਿੱਚ ਸਦੀਵਤਾ ਦਾ ਚਿੰਨ੍ਹ ਮੰਨਿਆ ਗਿਆ ਹੈ। ਇਹ ਲਗਾਤਾਰ ਗੋਲਾਈ ਹੈ ਜਿਸ ਦਾ ਨਾ ਆਦਿ ਹੈ ਨਾ ਅੰਤ ਹੁੰਦਾ ਹੈ।

'ਬ੍ਰਿਟਿਸ਼ ਬੌਰਨ ਦੇਸੀ' ਹਰਜੀਤ ਅਟਵਾਲ ਦਾ ਇਕ ਹੋਰ ਮਹੱਤਵਪੂਰਨ ਨਾਵਲ ਹੈ ਜਿਸ ਵਿਚ ਪੂੰਜੀਵਾਦੀ ਮੁਲਕਾਂ ਦੇ ਕਾਨੂੰਨ ਅਤੇ ਨਵੀਂ ਪੀੜ੍ਹੀ ਦੇ ਅਮੋੜ ਵਤੀਰੇ ਕਾਰਨ ਪਰਵਾਸੀ ਪੰਜਾਬੀਆਂ ਅੰਦਰ ਆ ਰਹੀ ਨਫ਼ਸੀਆਤੀ ਤਬਦੀਲੀ ਦਾ ਬਿਉਰਾ ਪੇਸ਼ ਹੈ। ਇਸ ਨਾਵਲ ਦੇ ਪਾਤਰ ਲੋਕ ਕੀ ਕਹਿਣਗੇ ਵਾਲੀ ਧਾਰਨਾ ਨੂੰ ਤੋੜਦੇ ਹੋਏ ਪੰਜਾਬੀ ਪਰਵਾਸੀਆਂ ਅੰਦਰਲੇ ਅੰਤਰ-ਨਸਲੀ ਸੰਬੰਧਾਂ ਪ੍ਰਤੀ ਸਾਰਥਕ ਹੁੰਗਾਰਾ ਵੀ ਭਰਦੇ ਹਨ। ਅਜਿਹੀ ਸਥਿਤੀ ਦੀ ਪੇਸ਼ਕਾਰੀ ਨੂੰ ਨਾਵਲਕਾਰ ਨੇ ਨਾਵਲ ਵਿਚਲੇ ਪਾਤਰ ਦਿਲਜੀਤ ਕੌਰ ਰਾਹੀਂ ਆਪਣੇ ਪਤੀ ਨੂੰ ਕਹੇ ਸ਼ਬਦਾਂ ਵਿਚ ਇੰਜ ਉਲੀਕਿਆ ਹੈ,

*ਟਾਈਮ ਬਦਲ ਚੁਕੈ, ਹੁਣ ਤਾਂ ਇਹੋ ਬਹੁਤ ਐ ਕਿ ਵਿਆਹ ਹੋ ਜਾਵੇ ਅਜਕਲ ਕਿੰਨੀਆਂ ਇੰਟਰਕਾਸਟ ਸ਼ਾਦੀਆਂ ਲੋਕ ਆਪਣੇ ਹੱਥੀਂ ਕਰ ਰਹੇ ਆ ਹਾਲੇ ਆਪਾਂ ਪਿਛਲੇ ਮਹੀਨੇ ਤਾਂ ਗਿੱਲਾਂ ਤੇ ਕੁੰਦੀਆਂ ਦੇ ਵਿਆਹ ਤੇ ਜਾ ਕੇ ਆਏ ਆਂ।*[3]

ਹਰਜੀਤ ਅਟਵਾਲ ਰਚਿਤ ਨਾਵਲ 'ਆਪਣਾ' ਵਿਚ ਮਹਾਰਾਜਾ ਦਲੀਪ ਸਿੰਘ ਦੀ ਦੁਖਾਂਤਕ ਦਾਸਤਾਨ ਪੇਸ਼ ਹੈ ਜੋ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿਚ ਚੀਸ ਬਣ ਕੇ ਰੜਕਦੀ ਹੈ। ਇਹ ਨਾਵਲਕਾਰ ਦਾ ਦੂਜਾ ਇਤਿਹਾਸਕ ਨਾਵਲ ਹੈ। ਉਸ ਦਾ ਪਹਿਲਾ ਇਤਿਹਾਸਕ ਨਾਵਲ 'ਅਕਾਲ ਸਹਾਏ' ਹੈ ਅਤੇ ਇਸੇ ਦਾ ਹੀ ਦੂਸਰਾ ਭਾਗ ਆਪਣਾ ਨਾਵਲ ਵਿਚ ਪੇਸ਼ ਹੈ। ਜਿਥੇ 'ਅਕਾਲ ਸਹਾਏ' ਨਾਵਲ ਮਹਾਰਾਜਾ ਦਲੀਪ ਸਿੰਘ ਦੇ ਲਾਹੌਰ ਛੱਡਣ ਤੇ ਖਤਮ ਹੁੰਦਾ ਹੈ ਉਥੇ ਇਹ ਨਾਵਲ ਮਹਾਰਾਜਾ ਦਲੀਪ ਸਿੰਘ ਦੇ ਲੰਡਨ ਪੁੱਜਣ ਤੋਂ ਸ਼ੁਰੂ ਹੁੰਦਾ ਹੈ। ਨਾਵਲਕਾਰ ਨੇ ਇਸ ਵਿਚ ਮਹਾਰਾਜਾ ਦੀ ਦੁਬਿਧਾ ਨੂੰ ਇਕ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ। ਇਹ ਨਾਵਲ ਮਹਾਰਾਜੇ ਦੇ ਸਮੁੱਚੇ ਜੀਵਨ ਨੂੰ ਬਹੁਤ ਹੀ ਬਾਰੀਕਬੀਨੀ ਨਾਲ ਚਿਤਰਦਾ ਹੈ। ਰਾਣੀ ਜਿੰਦ ਕੌਰ ਦੇ ਆਖਰੀ ਪੜਾਅ ਬਾਰੇ ਵੀ ਨਵੀਂ ਜਾਣਕਾਰੀ ਮਿਲਦੀ ਹੈ ਜੋ ਨਾਵਲਕਾਰ ਦੇ ਡੂੰਘੇ ਅਧਿਐਨ ਦਾ ਸਿੱਟਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹਰਜੀਤ ਅਟਵਾਲ ਦੇ ਨਾਵਲਾਂ ਵਿਚ ਪੇਸ਼ਤ ਖਪਤ-ਸਭਿਆਚਾਰ ਦੇ ਪ੍ਰਭਾਵ ਅਧੀਨ ਪੱਛਮੀ ਮੁਲਕਾਂ ਵਿਚ ਵਿਆਹ ਸੰਸਥਾ ਵਿਚ ਆਏ ਪਰਿਵਰਤਨਾਂ, ਵਿਆਹ ਸੰਬੰਧਾਂ ਰਾਹੀਂ ਨਾਗਰਿਕਤਾ ਹਾਸਲ ਕਰਨ ਲਈ ਬੇਜੋੜ ਵਿਆਹਾਂ ਵਿਚ ਵਿਆਹ ਬਾਹਰੇ ਸੰਬੰਧਾਂ ਦਾ ਉਤਪੰਨ ਹੋਣਾ ਵੀ ਗੰਭੀਰ ਸੰਕਟ ਦੀ ਨਿਸ਼ਾਨੀ ਹੈ।

ਪੱਕੀ ਨਾਗਰਿਕਤਾ ਹਾਸਲ ਕਰਨ ਲਈ ਮਰਦ ਨੂੰ ਇਕ ਮਾਧਿਅਮ ਔਰਤ ਚਾਹੀਦੀ ਹੈ ਅਜਿਹੇ ਰਿਸ਼ਤਿਆਂ ਲਈ ਹਰਜੀਤ ਅਟਵਾਲ ਦੇ ਨਾਵਲਾਂ ਦੇ ਵਧੇਰੇ ਪਾਤਰ ਮਕਾਨਕੀ ਤੇ ਖੁਦਗਰਜ਼ੀ ਹੋ ਗਏ ਹਨ। ਅਜਿਹੇ ਵਿਆਹਾਂ ਰਾਹੀਂ ਨਾਗਰਿਕਤਾ ਪ੍ਰਾਪਤ ਕਰਨ ਲਈ ਕੀਤੇ ਅਣਜੋੜ ਵਿਆਹਾਂ ਵਿਚ ਪਿਆਰ ਜਜ਼ਬਾ ਨਹੀਂ ਸਗੋਂ ਪਵਿੱਤਰ ਰਿਸ਼ਤਿਆਂ ਵਿਚ ਪਦਾਰਥਵਾਦੀ ਸੋਚ ਦੀ ਰੰਗਤ ਰਿਸ਼ਤਿਆਂ ਨੂੰ ਦਿਨੋ-ਦਿਨ ਤਾਰ-ਤਾਰ ਕਰ ਰਹੀ ਹੈ।

ਅਟਵਾਲ ਦੇ ਨਾਵਲਾਂ ਵਿਚਲਾ ਮਰਦ ਪਾਤਰ ਪੂਰਬੀ ਸੰਵੇਦਨਾ ਦੇ ਪਿੱਛਲਗ ਹੋਣ ਕਰਕੇ ਇੰਗਲੈਂਡ ਦੀਆਂ ਜੰਮੀਆਂ ਪਲੀਆਂ, ਕੁੜੀਆਂ ਕੋਲੋਂ ਰਵਾਇਤੀ ਹੁੰਗਾਰੇ ਦੀ ਕਾਮਨਾ ਵੀ ਰੱਖਦੇ ਹਨ, ਜਿਵੇਂ 'ਵਨ ਵੇਅ' ਦਾ ਪਾਤਰ ਰਾਜੂ, ਰੇਤ ਨਾਵਲ ਵਿਚਲੇ ਰਵੀ ਤੇ ਇੰਦਰ, ਸਵਾਰੀ ਨਾਵਲ ਵਿਚ ਬਲਦੇਵ, ਸਾਊਥਹਾਲ ਦਾ ਦਗਾਜੂ ਗੁਰਨਾਮ, ਮੁੰਦਰੀ ਡੌਟ ਕੌਮ ਦੀ ਪਾਤਰ (ਇਕਰਾਂ) ਆਦਿ। ਸੰਤੋਖ ਸਿੰਘ ਧੀਰ ਆਪਣੇ ਸਫ਼ਰਨਾਮੇ 'ਮੇਰੀ ਇੰਗਲੈਂਡ ਯਾਤਰਾ' ਵਿਚ ਲਿਖਦੇ ਹਨ,

*"ਅਸੀਂ ਆਪਣੀ ਔਰਤ ਨੂੰ ਇੰਗਲੈਂਡ ਵਿਚ ਲੋਹੇ ਦੀ ਜ਼ੰਜ਼ੀਰ ਨਾਲ ਬੰਨ੍ਹਿਆ ਹੋਇਆ ਹੈ। ਅਸੀਂ ਆਪ ਤਾਂ ਪੱਬ ਵਿਚ ਬਹਿਣਾ ਚਾਹਾਂਗੇ ਪਰ ਅਸੀਂ ਆਪਣੀ ਔਰਤ ਬਾਰੇ ਸੋਚ ਵੀ ਨਹੀਂ ਸਕਦੇ ਕਿ ਉਹ ਪੱਬ ਵਿਚ ਬੈਠੀ ਹੋਵੇ।"*[14]

ਹਰਜੀਤ ਅਟਵਾਲ ਦੇ ਨਾਵਲਾਂ ਵਿਚ ਔਰਤ ਮਰਦ ਸੰਬੰਧਾਂ ਵਿੱਚ ਬਹੁ-ਪਾਸਾਰੀ ਟੁੱਟ-ਭੱਜ ਦੇ ਸਰੋਕਾਰ ਉਭਰ ਕੇ ਸਾਹਮਣੇ ਆਉਂਦੇ ਹਨ। ਔਰਤ ਮਰਦ ਇਕ ਦੂਜੇ ਦੇ ਪੂਰਕ ਹਨ ਅਤੇ ਇਕ ਦੂਜੇ ਦੇ ਮੇਲ ਨਾਲ ਹੀ ਸਾਡੀਆਂ ਪੀੜ੍ਹੀਆਂ ਦਾ ਨਿਰੰਤਰ ਵਿਕਾਸ ਹੁੰਦਾ ਹੈ। ਨਾਵਲਕਾਰ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ ਅਤੇ ਵਿਰੋਧਾਂ ਦੇ ਬੁਨਿਆਦੀ ਅਕਾਰਾਂ ਨੂੰ ਤਲਾਸ਼ਦਾ ਹੋਇਆ, ਉਹਨ੍ਹਾਂ ਨੂੰ ਦੂਹਰੇ ਸਭਿਆਚਾਰਕ ਚੋਖਟਿਆਂ ਵਿਚ ਪੇਸ਼ ਕਰਦਾ ਹੈ। ਉਸ ਦੇ ਵਧੇਰੇ ਨਾਵਲਾਂ ਦੇ ਕਥਾਨਕ ਸਭਿਆਚਾਰਕ ਸੰਵਾਦ ਦੀ ਪ੍ਰਕਿਰਿਆ ਰਾਹੀਂ ਪੂਰਬੀ ਤੇ ਪੱਛਮੀ ਸਮਾਜ ਦੇ ਭਿੜਦੇ ਜੀਵਨ ਨੂੰ ਸਭਿਆਚਾਰੀਕਰਨ ਦੀ ਪ੍ਰਕਿਰਿਆ ਰਾਹੀਂ ਪੇਸ਼ ਕਰਦੇ ਹਨ। ਉਸਦੇ ਨਾਵਲਾਂ ਵਿਚ ਜਿਥੇ ਅੰਤਰ-ਨਸਲੀ ਵਿਆਹ ਅਤੇ ਪਰਿਵਰਤਨ ਸੰਬੰਧ, ਨਵੀਂ ਪੀੜ੍ਹੀ ਨਵੇਂ ਪ੍ਰਭਾਵਾਂ ਅਧੀਨ ਸਿਰਜ ਰਹੀ ਹੈ ਉਥੇ ਪੁਰਾਣੀ ਪੀੜ੍ਹੀ ਵੀ ਇਸ ਤੋਂ ਅਭਿੱਜ ਨਹੀਂ ਹੈ। ਅਟਵਾਲ ਦੇ ਨਾਵਲਾਂ ਵਿਚ ਪਰਵਾਸੀ ਔਰਤ ਮਰਦ ਦੀਆਂ ਤਿੰਨ

ਪੀੜ੍ਹੀਆਂ ਨੇ ਆਪਣੀ-ਆਪਣੀ ਪੱਧਰ'ਤੇ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਕੀਤਾ ਹੈ। ਨਵੀਂ ਪੀੜ੍ਹੀ ਆਪਣੀ ਹੋਂਦ ਦੇ ਅਰਥ ਤਲਾਸ਼ਦੀ ਹੋਈ ਆਪਣੇ ਆਪ ਨੂੰ ਸਮਝਣ ਵਿਚ ਲਗੀ ਹੋਈ ਹੈ। ਉਸ ਦੇ ਨਾਵਲਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਵਿਚ ਅਨੇਕਾਂ ਪਰਿਵਰਤਨ ਆ ਰਹੇ ਹਨ। ਨਾਵਲਕਾਰ ਨੇ ਭੂ-ਹੇਰਵੇ ਦੀਆਂ ਵਲਗਣਾਂ ਵਿਚੋਂ ਨਿਕਲ ਕੇ ਪੱਛਮੀ ਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਦੇ ਸਮਾਜਕ ਸਰੋਕਾਰਾਂ, ਆਰਥਿਕ ਗੁੰਝਲਾਂ, ਮਾਨਸਿਕ ਦੁਬਿਧਾਵਾਂ, ਅੰਤਰ ਸਭਿਆਚਾਰਕ ਮਸਲਿਆਂ ਅਤੇ ਤਨਾਓ ਨੂੰ ਵੀ ਆਪਣੀ ਨਾਵਲਕਾਰੀ ਦਾ ਆਧਾਰ ਬਣਾਇਆ।

## ਹਵਾਲੇ ਅਤੇ ਟਿੱਪਣੀਆਂ


1. *ਜਗਬੀਰ ਸਿੰਘ, ਸਮਕਾਲੀ ਪੰਜਾਬੀ ਬਿਰਤਾਂਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ-95*
2. *ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦੀ ਲੋਕਧਾਰਾ ਵਿਸ਼ਵਕੋਸ਼, 'ਜਿਲਦ ਸੱਤਵੀਂ, ਨੈਸ਼ਨਲ ਬੁਕ ਸ਼ਾਪ, ਦਿੱਲੀ, 1994, ਪੰਨਾ-927*
3. *ਹਰਜੀਤ ਅਟਵਾਲ, 'ਬ੍ਰਿਟਿਸ਼ ਬੌਰਨ ਦੇਸੀ', ਸੰਗਮ ਪ੍ਰਕਾਸ਼ਨ, ਸਮਾਣਾ, ਪੰਨਾ-15-16*
4. *ਸੰਤੋਖ ਸਿੰਘ ਧੀਰ, ਮੇਰੀ ਇੰਗਲੈਂਡ ਯਾਤਰਾ, ਪੰਨਾ-153*



### *Cite this Article-*

*ਅਕਵਿੰਦਰ ਕੌਰ (Akwinder kaur), ਹਰਜੀਤ ਅਟਵਾਲ ਦੇ ਨਾਵਲਾਂ ਦਾ ਵਸਤੂ ਯਥਾਰਥ (Harjeet Atwal De Novlan Da Vastu Ytharth), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 80-83.*

*Journal URL:* www.armaan.org.in

*DOI:* https://doi.org/10.64119/armaan.vol.3.issue4.15



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/